Impact Factor 3.025

ISSN 2349-638x

Refereed And Indexed Journal

# AAYUSHI INTERNATIONAL INTERDISCIPLINARY RESEARCH JOURNAL (AIIRJ)

Monthly Publish Journal

VOL-IV | ISSUE-VII | JULY | 2017

Address
- Vikram Nagar, Boudhi Chouk, Latur.
- Tq. Latur, Dis. Latur 413512 (MS.)
- (+91) 9922455749, (+91) 9158387437

Email
- aiirjpramod@gmail.com
- aayushijournal@gmail.com

Website
- www.aiirjournal.com

CHIEF EDITOR – PRAMOD PRAKASHRAO TANDALE

**Aayushi International Interdisciplinary Research Journal (AIIRJ)**

**Vol - IV Issue-VII JULY 2017 ISSN 2349-638x Impact Factor 3.025**

## Surjit Patar di Kavita de Sarokar

## ਸੁਰਜੀਤ ਪਾਤਰ ਦੀ ਕਵਿਤਾ ਦੇ ਸਰੋਕਾਰ

**ਡਾ: ਜਸਬੀਰ ਕੌਰ**
ਅਸਿਸਟੈਟ ਪ੍ਰੋਫੈਸਰ
ਪੰਜਾਬੀ ਵਿਭਾਗ
ਡੀ.ਏ.ਵੀ. ਕਾਲਜ, ਮਲੋਟ

ਆਧੁਨਿਕ ਪੰਜਾਬੀ ਕਾਵਿਤਾ ਇਤਿਹਾਸ ਵਿੱਚ ਸੁਰਜੀਤ ਪਾਤਰ ਆਪਣੀ ਡੂੰਘੀ ਮਾਨਵਵਾਦੀ ਬਿਰਤੀ, ਸੋਗੀ ਸੁਰ, ਪ੍ਰਗੀਤਕ ਧੁਹ ਅਤੇ ਨਵੇਂ ਨਿਕੋਰ ਤਰਕ ਵਿਤਰਕ ਸਿਰਜਣ ਪੱਖੋਂ ਸਿਰਮੌਰ ਸ਼ਾਇਰ ਹੈ। ਪਾਤਰ ਮਨੁੱਖੀ ਹੋਂਦ, ਸਮਾਜਕ ਰਾਜਸੀ ਸੰਰਚਨਾਵਾਂ, ਆਧੁਨਿਕ ਯੁਗ ਚਿੰਤਨ ਅਤੇ ਬਦਲਦੀ ਜੀਵਨ ਵਿਧੀ ਦੇ ਅੰਤਰ ਦਵੰਦਾਂ, ਉਸਾਰਾਂ ਅਤੇ ਉਲਾਰਾਂ, ਦਿਸਦੇ ਅਣਦਿਸਦੇ ਪਰਤਾਂ ਪਾਸਾਰਾਂ ਨੂੰ ਇੱਕ ਉਦਾਸਮਈ ਦ੍ਰਿਸ਼ਟੀ ਨਾਲ ਘੋਖਦਾ, ਪੜਤਾਲਦਾ, ਕਾਂਟਦਾ, ਛਾਂਟਦਾ ਤੇ ਵਿਊਂਤਦਾ ਹੈ। ਪਾਤਰ ਪਿਛਲੇ ਚਾਲੀ ਸਾਲਾਂ ਦੀ ਸਭ ਤੋਂ ਵਧੇਰੇ ਪ੍ਰਸਿੱਧ ਕਾਵਿ-ਸ਼ਖਸੀਅਤ ਹੈ ਜਿਸਨੇ ਪੰਜਾਬੀ ਜਗਤ ਦੀਆਂ ਮਮਟੀਆਂ ਤੇ ਨਵੇਂ ਦੀਪ ਜਗਾਏ ਹਨ। ਉਸਨੇ ਨਕਸਲੀ ਲਹਿਰ, ਐਮਰਜੈਸੀਂ ਤੇ ਪੰਜਾਬ ਸੰਕਟ ਵੇਲੇ ਲੋਕਾਂ ਦੇ ਦੁੱਖਾਂ ਦੀ ਗੱਲ ਬਹੁਤ ਹੀ ਪ੍ਰਭਾਵ-ਯੁਕਤ ਮਾਧਿਅਮ ਨਾਲ ਕਹੀ। ਨਾਲ ਹੀ ਉਸਨੇ ਆਪਣੇ ਦੁੱਖ ਦੀ ਵਿਥਿਆ ਵੀ ਇਸ ਤਰ੍ਹਾਂ ਕਹੀ ਕਿ ਬਚਪਨ ਤੋਂ ਲੈ ਕੇ ਮੁਹੱਬਤ ਦੇ ਰੰਗ ਤਕ ਦੀਆਂ ਬੜੀਆਂ ਸ਼ਕਤੀਸ਼ਾਲੀ ਰਚਨਾਵਾਂ ਕੀਤੀਆਂ, ਜਿਨ੍ਹਾਂ ਵਿੱਚ ਉਦਾਸੀ, ਪੀੜਾ ਤੇ ਦਰਦ ਦੇ ਬੋਲ ਬਾਰ-ਬਾਰ ਸੁਣਾਈ ਦਿੰਦੇ ਹਨ।

ਸੁਰਜੀਤ ਪਾਤਰ ਦੀ ਕਵਿਤਾ ਦੇ ਸਰੋਕਾਰਾਂ ਨੂੰ ਠੀਕ ਸਮਝਣ ਲਈ ਉਸਦੇ ਪ੍ਰਸਿੱਧ ਕਾਵਿ-ਸੰਗ੍ਰਹਿਾਂ ਦੇ ਨਾਵਾਂ ਦੀ ਸਹਾਇਤਾ ਲੈਣੀ ਵੀ ਸਾਰਥਕ ਹੈ।'ਹਨੇਰੇ ਵਿੱਚ ਸੁਲਗਦੀ ਵਰਣਮਾਲਾ', 'ਬਿਰਖ਼ ਅਰਜ਼ ਕਰੇ', 'ਹਵਾ ਵਿੱਚ ਲਿਖੇ ਹਰਫ਼' ਤੇ 'ਲਫ਼ਜਾਂ' ਦੀ ਦਰਗਾਹ ਵਿੱਚ ਇੱਕ ਸਾਂਝ ਹੈ ਇਹ ਸਾਂਝ ਹੈ ਪ੍ਰਕ੍ਰਿਤੀ ਦੀ ਤੇ ਸੰਸਕ੍ਰਿਤੀ ਦੀ। ਸੁਰਜੀਤ ਪਾਤਰ ਦੀ ਕਵਿਤਾ ਦਾ ਪ੍ਰਧਾਨ ਵਿਸ਼ਾ ਉਦਾਸੀ ਹੀ ਹੈ। ਇਹੋ ਕਾਰਨ ਹੈ ਕਿ ਕਿਸੇ ਨੇ ਉਸ ਨੂੰ 'ਉਦਾਸ ਮੌਸਮਾਂ ਦਾ ਗੀਤ' ਆਖਿਆ ਹੈ ਤੇ ਕਿਸੇ ਨੇ ਉਸ ਨੂੰ 'ਉਦਾਸ ਦਿਨਾਂ ਦਾ ਸ਼ਾਇਰ' ਵੀ ਕਿਹਾ ਹੈ। ਭਾਵੇਂ ਇਸ ਉਦਾਸੀ ਦਾ ਕਾਰਨ ਮੁਹੱਬਤ ਜਾਂ ਸਮੇਂ ਦੀ ਲਹੂ-ਭਿੱਜੀ ਤਲਵਾਰ ਜਾਂ ਇਤਿਹਾਸ ਦੀ ਕੁੱਖ ਵਿੱਚ ਛੁਪਿਆ ਦਰਦ ਜਾਂ ਬਚਪਨ ਦੇ ਬੀਤੇ ਪਲਾਂ ਦੇ ਹੰਝੂਆਂ ਦਾ ਤੱਤਾ ਪਾਣੀ। ਕਿਸੇ ਕਵਿਤਾ ਵਿੱਚ ਉਦਾਸੀ ਦਾ ਕਾਰਨ ਨਿੱਜ ਨਾਲ ਜੁੜਿਆ ਹੈ:

ਮੋਈ ਅੰਬੜੀ ਕਿ ਉਜੜਿਆ ਵਿਹੜਾ
ਜਾਂ ਉਹ ਪਰਦੇਸ ਹੈ ਪਿਤਾ ਜਿਹੜਾ
ਜਾਂ ਉਹ ਚਿਹਰਾ ਜੋ ਮੈਂ ਸੀ ਠੁਕਰਾਇਆ
ਜਾਂ ਉਹ ਮੁਖੜਾ ਜੋ ਸਾਥ ਨਾ ਆਇਆ,
ਮੇਰੇ ਸੀਨੇ ਕੌਣ ਰੋਂਦਾ ਹੈ?1

ਕਈ ਵਾਰ ਇਸ ਉਦਾਸੀ ਦੇ ਕਾਰਨ ਤੱਤਕਾਲੀਨ ਵਰਤਾਰੇ ਨਾਲ ਵੀ ਜੁੜਦੇ ਹਨ:

ਹੁਣ ਘਰਾਂ ਨੂੰ ਪਰਤਣਾ ਮੁਸ਼ਕਲ ਬੜਾ ਹੈ
ਕੌਣ ਪਹਿਚਾਣੇਗਾ ਸਾਨੂੰ
ਮੱਥੇ ਉੱਤੇ ਮੌਤ ਦਸਤਖ਼ਤ ਕਰ ਗਈ ਹੈ।
ਚਿਹਰੇ ਉੱਤੇ ਯਾਰ ਪੈੜਾਂ ਛੱਡ ਗਏ ਨੇ

.............................................

ਡਰ ਜਾਏਗੀ ਮੇਰੀ ਮਾਂ
ਮੇਰਾ ਪੁੱਤਰ ਮੇਰੇ ਤੋਂ ਵੱਡੀ ਉਮਰ ਦਾ
ਕਿਹੜੇ ਸਾਧੂ ਦੇ ਸਰਾਪ
ਕਿਸ ਸ਼ਰੀਕਣ ਚੰਦਰੀ ਦੇ ਟੂਣੇ ਟਾਮਣ ਨਾਲ ਹੋਇਆ
ਹੁਣ ਘਰਾਂ ਨੂੰ ਪਰਤਣਾ ਚੰਗਾ ਨਹੀਂ ਹੈ।2

ਇਹ ਉਦਾਸੀ ਪੰਜਾਬ ਸੰਤਾਪ ਉੱਪਰ ਵੀ ਖੂਬ ਢੁੱਕਦੀ ਹੈ। ਇਹੋ ਜਿਹੀ ਉਦਾਸੀ ਹੀ ਸਮਿਆਂ ਦਾ ਇਤਿਹਾਸ ਉਲੀਕਦੀ ਹੈ। ਉਸਦੀ ਹਰ ਕਵਿਤਾ ਭਾਵੇਂ ਉਹ ਪਿਆਰ ਬਾਰੇ ਹੈ, ਭਾਵੇਂ ਇਤਿਹਾਸ ਦੇ ਬੀਤੇ ਪਲਾਂ ਨਾਲ ਜੁੜੀ ਹੈ ਜਾਂ ਫਿਰ ਸਮਕਾਲ ਦੇ ਸੀਨੇ ਤੇ ਉਲੀਕੀ ਲਹੂ ਦੀ ਲਕੀਰ ਹੈ, ਉਦਾਸੀ ਦਾ ਹੀ ਗੀਤ ਬਣਦੀ ਹੈ। ਉਸ ਦੀ ਇੱਕ ਕਵਿਤਾ 'ਇਸ ਅਦਾਲਤ ਵਿੱਚ' ਉਦਾਸੀ ਦਾ ਹਲਫ਼ੀਆ ਬਿਆਨ ਹੈ:

ਜਦੋ ਤੋਂ ਸੁਰਤ ਸੰਭਾਲੀ ਹੈ ਮੈਂ ਇਹੋ ਤੱਕਿਆ
ਕਿ ਇਸ ਮਨ 'ਚੋ ਕੋਈ ਸੋਗ ਹੈ, ਉਦਾਸੀ ਹੈ
ਹੈ ਕੋਈ ਕੰਡਾ ਜੋ ਸੋਚਾਂ 'ਚ ਰੜਕਦਾ ਰਹਿੰਦਾ
ਤੇ ਮੇਰੀ ਜਾਨ ਪਰੇਸ਼ਾਨ ਤੇ ਨਿਰਾਸ਼ੀ ਹੈ।3

ਉਸਦੀ ਉਦਾਸੀ ਵਿੱਚ ਨਿਜੀ ਤੇ ਪਿਆਰ-ਰਿਸ਼ਤਿਆਂ ਦੀ ਟੁੱਟ ਭੁੱਜ ਵੀ ਲੁਕੀ ਹੋਈ ਹੈ:-

ਤੇਰੇ ਬਿਨ ਜੀ ਨ ਸਕੇ, ਇਉਂ ਤਾਂ ਨਹੀਂ
ਤੇਰੇ ਬਿਨ ਦਿਨ ਪਰ ਇਉਂ ਗੁਜ਼ਰਦੇ ਨੇ।
ਚੰਦ ਸੂਰਜ ਜਿਵੇਂ ਕਿ ਸਿਫ਼ਰੇ ਨੇ
ਜੇਹੇ ਡੁੱਬਦੇ ਨੇ ਤੇਹੇ ਚੜ੍ਹਦੇ ਨੇ।4

ਸੱਭਿਆਚਾਰ ਨਾਲੋਂ ਟੁੱਟਣ ਦਾ ਉਦਰੇਵਾਂ ਵੀ ਪਾਤਰ ਕਾਵਿ ਦੀ ਉਦਾਸੀ ਦਾ ਇੱਕ ਹੋਰ ਪਰਿਪੇਖ ਹੈ। ਆਪਣੇ ਘਰ ਨਾਲੋਂ ਟੁੱਟਣਾ, ਆਪਣੇ ਪਰਿਵਾਰ ਨਾਲੋਂ ਟੁੱਟਣਾ ਤਾਂ ਸਭਿਆਚਾਰ ਨਾਲੋਂ ਟੁੱਟਣ ਵਰਗਾ ਹੀ ਸੰਤਾਪ ਹੈ। ਪਾਤਰ ਖੁਦ ਵੀ ਇਸ ਸੰਤਾਪ ਨੂੰ ਭੋਗਦਾ ਰਿਹਾ ਹੈ, ਬਚਪਨ ਵਿੱਚ ਉਹਦੇ ਪਿਤਾ ਦਾ ਪ੍ਰਦੇਸ ਜਾਣਾ ਤੇ ਫਿਰ ਛੋਟੇ ਭਰਾ ਤੇ ਹੋਰ ਰਿਸ਼ਤੇਦਾਰਾਂ ਦਾ ਤੇ ਫ਼ਿਰ ਉਹਦਾ ਆਪ 'ਪੱਤੜ ਕਲਾਂ' ਛੱਡ ਲੁਧਿਆਣੇ ਆ ਕੇ ਇਸ ਉਦਯੋਗਿਕ ਸ਼ਹਿਰ ਵਿੱਚ ਟਿੱਕਣਾ। ਸ਼ਹਿਰ ਦਾ ਭੀੜ-ਭੜਿਕਾ ਤੇ ਬੇਗਾਨਗੀ 'ਪਾਤਰ' ਨੂੰ ਰਾਸ ਨਹੀਂ ਆਉਂਦਾ:-

ਕਿਸੇ ਦੀ ਵਾਜ ਨਾ ਉੱਠੀ ਫਿਰ ਇਸ ਸ਼ਹਿਰ ਅੰਦਰ
ਮਿਲੀ ਜੁ ਲਾਸ਼ ਕਿਸੇ ਬੇਗੁਨਾਹ ਦੀ ਨਹਿਰ ਅੰਦਰ।5

ਪਰਦੇਸਾਂ ਦੀ ਬੇਗਾਨਗੀਂ ਬਾਰੇ ਸੁਰਜੀਤ ਪਾਤਰ ਤੋਂ ਬਿਨਾਂ ਹੋਰ ਕੋਈ ਇਤਨੀ ਉਦਾਸ ਸੁਰ ਵਿੱਚ ਨਹੀਂ ਲਿਖ ਸਕਿਆ:-

ਜੋ ਬਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਲਈ
ਉਹ ਜਦੋਂ ਦੇਸ਼ ਪਰਤਣਗੇ ਆਪਣੇ ਕਦੀ
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।6

ਸੁਰਜੀਤ ਪਾਤਰ ਦੇ ਦੂਜੇ ਕਾਵਿ ਸਰੋਕਾਰ ਪਿਆਰ ਬਾਰੇ ਗੱਲ ਕਰਦਿਆਂ ਇਹ ਕਹਿਣਾ ਉਚਿੱਤ ਹੈ ਕਿ ਉਸਦੀ ਪਹਿਲੀ ਪਿਆਰ ਨਾਇਕਾ ਉਸਦੀ ਮਾਂ ਹੈ। ਮਾਂ ਦਾ ਪਿਆਰ ਤੇ ਵਿਛੋੜਾ ਥਾਂ-ਥਾਂ ਤੇ ਉਹਦੇ ਉਦਾਸ ਆਕਾਸ਼ ਵਿੱਚ ਤਾਰਿਆਂ ਵਾਂਗ ਚਮਕਦੇ ਹਨ। ਉਸ ਦੀ ਕਵਿਤਾ 'ਜਿੰਦੇ ਨੀ' ਵਿੱਚ 'ਘਰੋਂ ਗਏ' ਕਿਵੇਂ ਮਾਂ ਨੂੰ ਯਾਦ ਕਰਦੇ ਹਨ:-

ਮਾਵਾਂ ਨੇ ਤੋਰੇ ਸੀ ਚੁੰਮ ਕੇ ਮੱਥੇ
ਦੁੱਧ ਧੋਤੇ ਸੁਰਖ਼ਾਬ
ਦੇਸ਼ ਬਿਗਾਨੇ ਜੋਬਨ ਟੁੱਟਿਆ
ਮੱਥੇ ਤੇ ਫੁੱਟ ਪਏ ਦਾਗ਼
ਹੁਣ ਤਾਂ ਤਨ ਮਨ ਵੇਸ ਵਟਾਏ
ਸਾਨੂੰ ਮਾਂ ਵੀ ਨਾ ਸਕੇ ਪਛਾਣ।7

'ਖਤਾਂ ਦੀ ਉਡੀਕ' ਵਿੱਚ ਮਾਂ ਦੇ ਖ਼ਤ ਦੀ ਉਡੀਕ ਹੈ:

ਖ਼ਤ ਆਵੇਗਾ ਰਾਤ ਬਰਾਤੇ
ਖ਼ਤ ਆਵੇਗਾ ਅੰਮੀ ਦਾ
ਪੁੱਤਰਾਂ ਇਉਂ ਨਹੀਂ ਭੁੱਲ ਜਾਈਦਾ
ਜਿਹੜੀ ਕੁੱਖੋਂ ਜੰਮੀਦਾ।8

ਸੁਰਜੀਤ ਪਾਤਰ ਦੀਆਂ ਗ਼ਜਲਾਂ ਤੇ ਨਜ਼ਮਾਂ ਤੋਂ ਤਾਂ ਉਹਦੀ ਮੁਹੱਬਤ ਦੀ ਕਹਾਣੀ ਲਿਖਣੀ ਸੰਭਵ ਹੈ। ਪਰ ਇਹ ਮੁਹੱਬਤ ਇੱਕ ਚਾਹਤ ਸੀ ਜੋ ਅਪੂਰਨ ਰਹੀਂ ਉਸ ਦੀਆਂ ਗਜ਼ਲਾਂ ਪਿਆਰ ਦੀਆਂ ਕਵਿਤਾਵਾਂ ਹੀ ਹਨ, ਬਿਰਹਾ ਦੇ ਗੀਤ ਹਨ। ਉਹ ਕਹਿੰਦਾ ਹੈ:-

ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ
ਅਸੀਂ ਰਹਿ ਗਏ ਬਿਰਖ ਵਾਲੀ ਹਾ ਬਣ ਕੇ
..............................................
ਕਦੇ ਬੰਦਿਆਂ ਦੇ ਵਾਂਗ ਸਾਨੂੰ ਮਿਲਿਆ ਵੀ ਕਰ
ਐਵੇਂ ਲੰਘ ਜਾਨੈ ਪਾਣੀ ਕਦੇ ਵਾ ਬਣ ਕੇ।9

ਕਿਸ ਤਰਾਂ ਕਦੇ ਵੀਂ ਮੇਲ ਨਾ ਹੋਇਆ ਤੇ ਸਾਰੀ ਉਮਰ ਦਾ ਵਿਛੋੜਾ ਹੀ ਹਿੱਸੇ ਆਇਆ ਤੇ ਇਸ ਵਿਛੋੜੇ ਦਾ ਮਾਰਿਆ ਬੰਦਾ ਆਖਰ ਬੇਪਛਾਣ ਹੋ ਗਿਆ।

ਮੇਰੀ ਸਵੇਰ ਤਾਂ ਹੁਣ ਸ਼ਾਮ ਹੋ ਗਈ ਹੋਣੀ
ਪਛਾਣ ਵੀ ਨਾ ਸਕਾਂਗਾ ਜੇ ਹੁਣ ਮਿਲੀ ਮੈਨੂੰ 10

ਕਿਸ ਪਿਆਰ ਦਾ ਅੰਤ ਤਾ ਸੰਤਾਪ ਵਿੱਚ ਹੋਣਾ ਹੀ ਸੀ ਕਿਉਂ ਜੋਂ ਚੁੱਪ ਦਾ ਹਸ਼ਰ ਇਹੋ ਹੀ ਹੁੰਦਾ ਹੈ। ਇਸ ਦਾ ਫ਼ਲ ਹੀ ਹੈ ਕਿ ਉਹ ਅੱਜ ਤੱਕ ਸੰਤਾਪ ਭੋਗ ਰਿਹਾ ਹੈ ਜੋ ਉਨ੍ਹਾਂ ਨੇ ਖ਼ੁਦ ਇਹ ਲਿਖਿਆ ਹੈ:-

ਮੇਰੇ ਸੀਨੇ 'ਚ ਕੌਣ ਰੋਂਦਾ ਹੈ
ਜਾਂ ਉਹ ਚਿਹਰਾ ਜੋ ਮੈਂ ਸੀ ਠੁਕਰਾਇਆ
ਜਾਂ ਉਹ ਮੁਖੜਾ ਜੋ ਸਾਥ ਨਾ ਆਇਆ" 11

ਪਾਤਰ ਨੇ ਆਪਣੀ ਕਵਿਤਾ ਵਿੱਚ ਸਮਕਾਲੀਨ ਰਾਜਸੀ ਸਮੱਸਿਆਵਾਂ ਬਾਰੇ ਵੀ ਬੜੀ ਜ਼ੋਰਦਾਰ ਅਵਾਜ਼ ਵਿੱਚ ਲਿਖਿਆ ਹੈ। ਐਮਰਜੈਂਸੀ ਦੇ ਸਮੇਂ ਨੂੰ ਨਿਰੂਪਤ ਕਰਦੀ ਗਜ਼ਲ ਪਾਤਰ ਤੋਂ ਬਿਨਾਂ ਹੋਰ ਕੌਣ ਲਿਖ ਸਕਦਾ ਹੈ? ਜਦੋਂ ਉਨਾਂ ਨੇ ਨਜ਼ਾਮ ਦੀ ਵਿਵਸਥਾ ਤੇ ਜੋ ਵਿਅੰਗ ਕੀਤਾ ਉਹ ਘੱਟ ਪ੍ਰਭਾਵਸ਼ਾਲੀ ਨਹੀ:-

ਇਹ ਅਦਾਲਤਾਂ 'ਚ ਬੰਦੇ ਬਿਰਖ਼ ਹੋ ਗਏ
ਫ਼ੈਸਲੇ ਸੁਣਦਿਆ ਸੁਣਦਿਆਂ ਸੁੱਕ ਗਏ
ਆਖੋ ਇਨ੍ਹਾਂ ਨੂੰ ਉਜੜੇ ਘਰੀ ਜਾਣ ਹੁਣ
ਇਹ ਕਦੋਂ ਤੀਕ ਏਥੇ ਖੜੇ ਰਹਿਣਗੇ।12

ਸਮਾਜਕ ਸਥਿਤੀ ਤੇ ਅਨਿਆਂ ਬਾਰੇ ਜ਼ਬਰਦਸਤ ਕਟਾਖ਼ਸ਼ ਪਾਤਰ ਦੀ ਸ਼ੈਲੀ ਦਾ ਹੀ ਕਮਾਲ ਹੈ:-

ਏਨਾ ਉੱਚਾ ਤਖ਼ਤ ਸੀ ਅਦਲੀ ਰਾਜੇ ਦਾ
ਮਜ਼ਲੂਮਾਂ ਦੀ ਉਮਰ ਹੀ ਰਾਹ ਵਿੱਚ ਬੀਤ ਗਈ 13

'ਬਿਰਖ਼ ਅਰਜ਼ ਕਰੇ' ਕਾਵਿ ਸੰਗ੍ਰਹਿ ਵਿੱਚ ਪੰਜਾਬ ਦੇ ਦੁੱਖ-ਸੁੱਖ ਸੰਤਾਪ ਬਾਰੇ ਬੜੀਆਂ ਹੀ ਪ੍ਰਭਾਵਸ਼ਾਲੀ ਕਵਿਤਾਵਾਂ ਹਨ। ਪੰਜਾਬ ਸੰਕਟ ਪਿੱਛੇ ਜਿਨ੍ਹਾ ਲੋਕਾਂ ਦਾ ਹੱਥ ਹੈ। ਉਸ ਬਾਰੇ ਵੀ ਸੰਕੇਤਕ ਰੂਪ ਵਿੱਚ ਕਵੀ ਨੇ ਸੱਚ ਨੂੰ ਬਿਆਨ ਕੀਤਾ ਹੈ। 'ਧੁੱਖਦਾ ਜੰਗਲ' ਵਿੱਚ ਕਵੀ ਨੇ ਇਸ ਸਚਾਈ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ:-

ਜਦ ਜੰਗਲ ਨੇ ਸ਼ਹਿਰ ਤੇਰੇ ਦੀਆਂ ਜੇਲ੍ਹਾਂ ਭਰੀਆ ਸਨ।
ਤਦ ਜੰਗਲ ਤੋਂ ਮਹਿਲ ਤੇਰੇ ਦੀਆਂ ਕੰਧਾਂ ਡਰੀਆਂ ਸਨ।
ਤੂੰ ਜੰਗਲ ਨੂੰ ਕੋਲ ਬਿਠਾ ਫਿਰ ਗੱਲਾਂ ਕਹੀਆਂ ਸਨ।
ਕੌਣ ਸੀ ਜਿਸ ਦੀਆਂ ਗੱਲਾਂ ਕਸਵੱਟੀ ਤੋਂ ਡਰੀਆਂ ਸਨ।14

ਉਨ੍ਹਾਂ ਦੀ ਕਵਿਤਾ 'ਨਜ਼ਰ' ਵਿੱਚ ਪੰਜਾਬ ਵਿੱਚ ਹਿੰਦੂ ਸਿੱਖਾਂ ਦਾ ਪਾੜਾ ਤੇ ਫ਼ਿਰ ਹਿੰਦੂਆਂ ਤੇ ਮਾਸੂਮਾਂ ਦੇ ਕਤਲਾਂ ਦੀ ਗੱਲ ਕਹੀ ਹੈ:-

ਵੱਢਣ ਵਾਲੇ ਕੌਣ ਸਨ, ਇਹ ਭੇਤ ਨਾ ਲੱਗਾ।
ਪਰ ਬੇਦੋਸ਼ਾ ਖ਼ੂਨ ਤਾਂ ਪੱਗਾਂ ਸਿਰ ਲੱਗਾ।
ਉਹੀ ਛਿੱਟੇ ਖ਼ੂਨ ਦੇ ਬਣ ਗਏ ਬਹਾਨਾ।
ਸਾਡੀ ਪੱਗ ਨੂੰ ਪੈ ਗਿਆ ਆਪਣਾ ਬੇਗਾਨਾਂ।15

'ਪਿਆਰਾ' ਤੇ 'ਲੱਗੀ ਨਜ਼ਰ ਪੰਜਾਬ' ਕਵਿਤਾਵਾਂ ਵਿੱਚ ਪੰਜਾਬ ਦੁਖਾਂਤ ਦੇ ਦਰਦ ਨੂੰ ਬੜੀ ਭਾਵਕੁਤਾ ਨਾਲ ਪੇਸ਼ ਕਰਦੇ ਹਨ:-

ਓਦੋਂ ਵਾਰਸ਼ ਸ਼ਾਹ ਨੂੰ ਵੰਡਿਆ ਸੀ,
ਹੁਣ ਸ਼ਿਵ ਕੁਮਾਰ ਦੀ ਵਾਰੀ ਏ।
ਉਹ ਜਖ਼ਮ ਪੁਰਾਣੇ ਭੁੱਲ ਵੀ ਗਏ,
ਨਵਿਆਂ ਦੀ ਜੋ ਫ਼ੇਰ ਤਿਆਰੀ ਏ।16

ਵਰਤਮਾਨ ਦੁਖਾਂਤ ਦਾ ਭਰਪੂਰ ਚਿਤਰਣ ਉਨ੍ਹਾਂ ਦੀ ਪੁਸਤਕ 'ਹਨੇਰੇ ਵਿੱਚ ਸੁਲਗਦੀ ਵਰਣਮਾਲਾ' ਵਿੱਚ ਵੇਖਿਆ ਜਾ ਸਕਦਾ ਹੈ। ਜਿਥੇ ਪੰਜਾਬ ਦੇ ਅਰਥ ਹੀ ਨਵੇਂ ਬਣ ਗਏ ਹਨ:-

ਸਾਡੇ ਸਤਲੁਜ਼, ਬਿਆਸ, ਜਿਹਲਮ, ਰਾਵੀ ਅਤੇ ਝਨਾਂ
ਬਣ ਜਾਂਦੇ ਨੇ ਮਾਤਮ, ਹਿੰਸਾ, ਖੌਫ਼ ਤੇ ਅਨਿਆਂ
ਇਹ ਨੇ ਅੱਜ ਕੱਲ੍ਹ ਮੇਰੇ ਦਰਿਆਵਾਂ ਦੇ ਨਾਂ।17

ਇਸ ਤਰ੍ਹਾਂ ਸੁਰਜੀਤ ਪਾਤਰ ਦੀ ਕਵਿਤਾ ਝੂਠੇ ਰਾਜ ਪ੍ਰਬੰਧ ਤੋਂ ਉਦਾਸ ਹੈ ਪਰ ਉਸ ਦੀ ਹਮਦਰਦੀ ਮਨੁੱਖਤਾ ਨਾਲ ਹੈ, ਜ਼ਾਲਮ ਧਿਰ ਨਾਲ ਨਹੀਂ। ਉਹ ਕੇਵਲ ਰਾਜਸੀ ਪ੍ਰਬੰਧ ਬਾਰੇ ਹੀ ਨਹੀਂ ਸੋਚਦਾ ਸਗੋਂ ਸਮੁੱਚੀ ਜ਼ਿੰਦਗੀ ਵਿੱਚ ਉਨ੍ਹਾਂ ਰਸਮਾਂ ਦਾ ਵੀ ਵਿਰੋਧੀ ਹੈ ਜਿਨ੍ਹਾਂ ਦਾ ਕੋਈ ਅਰਥ ਨਹੀਂ ਹੈ:-

ਐਂਵੇ ਨਾ ਬੁੱਤਾਂ ਤੇ ਡੋਲ੍ਹੀ ਜਾ ਪਾਣੀ।
ਜਾ ਕਿਧਰੇ ਬਿਰਖਾਂ ਤੇ ਇਹ ਬਰਸਾ ਪਾਣੀ।18

'ਲਫਜ਼ਾਂ ਦੀ ਦਰਗਾਹ' ਵਿੱਚ ਵੀ ਉਹ ਮਜ਼ਲੂਮ ਧਿਰ ਨਾਲ ਖੜਾ ਹੈ, ਹਾਕਮ ਧਿਰ ਨਾਲ ਉਸ ਦਾ ਕੋਈ ਵਾਸਤਾ ਨਹੀਂ। ਇਸ ਲਈ ਹੀ ਉਹ ਆਪਣੀ ਇੱਕ ਕਵਿਤਾ 'ਅੱਜ ਮੈਂ ਜਿੱਥੇ ਖੜਾ ਹਾਂ' ਵਿੱਚ ਲਿਖਦਾ ਹੈ:-

ਅੱਜ ਮੈਂ ਜਿੱਥੇ ਖੜਾ ਹਾਂ
ਹੋ ਸਕਦਾ ਹੈ ਕੱਲ੍ਹ ਨੂੰ ਉੱਥੇ ਨਾ ਖੜਾ ਹੋਵਾਂ
ਪਰ ਜਿੱਥੇ ਵੀ ਖੜਾ ਹੋਵਾਂਗਾ
ਇਹ ਖ਼ਿਆਲ ਜਰੂਰ ਰੱਖਾਂਗਾ
ਕਿ ਉਥੇ ਮੈਨੂੰ ਦਿਸਦੀ ਰਹੇ
ਅੱਖਾਂ ਵਿੱਚ ਅੱਥਰੂ ਭਰਕੇ
ਪੁੱਤਰ ਨੂੰ ਰਿਜ਼ਕ ਲਈਂ
ਪਰਦੇਸ ਤੋਰਦੀ ਮਾਂ।19

ਅਸਲ ਵਿੱਚ ਪਾਤਰ ਦੀ ਕਵਿਤਾ ਦੁਖੀ ਧਰਤ ਦੀ ਪੁਕਾਰ ਹੈ। ਉਹ ਗਰੀਬਾਂ ਦੀ ਧਿਰ ਹੈ ਤੇ ਜਾਬਰ ਉਸਦੇ ਦੁਸ਼ਮਣ ਹਨ। ਪਾਤਰ ਦਾ ਗੁੱਸਾ ਉਨ੍ਹਾਂ ਲੋਕਾਂ ਤੋਂ ਸਾਫ਼ ਦਿਸਦਾ ਹੈ ਜੋ ਮਾਵਾਂ ਦੇ ਲਾਲਾਂ ਨੂੰ ਭੁੱਖਾ ਮਾਰਨ ਦੇ ਦੋਸ਼ੀ ਹਨ। ਉਸਦੀ ਆਪਣੀ ਕਵਿਤਾ 'ਮੈਂ ਆਪ ਦੇਖਿਆ ਹੈ' ਵਿੱਚ ਨੌਕਰੀ ਦੀ ਉਮੀਦ ਨਾਲ ਭਰਪੂਰ ਉਮੀਦਵਾਰ ਨੂੰ ਲਾਰਿਆਂ ਦੀ ਕੰਧ ਤੇ ਚੜ੍ਹਾ ਕੇ ਫ਼ਿਰ ਨਿਰਾਸ਼ਾ, ਕ੍ਰੋਧ ਤੇ ਬਗਾਵਤ ਦੇ ਰਾਹ ਤੋਰਦੇ ਨਜ਼ਾਮ ਤੇ ਵਿਅੰਗ ਕੱਸਿਆ ਹੈ:

ਇਸ ਤਰਾਂ ਹਜੂਰ ਮੈਂ ਆਪ ਦੇਖਿਆ ਹੈ
ਇੱਕ ਫੁੱਲ ਜਿਹੇ ਮੁੰਡੇ ਨੂੰ
ਬਣਦਾ ਤਲਵਾਰ

ਪੂਰੀ ਤਰ੍ਹਾਂ ਤਿਆਰ ਬਰ ਤਿਆਰ
ਖੁੱਭਣ ਲਈ
ਆਪਣੇ ਜਾਂ ਕਿਸੇ ਹੋਰ ਦੇ ਸੀਨੇ ਵਿੱਚਕਾਰ।20

ਉੱਚੀ ਸੁੱਚੀ ਸ਼ਾਇਰੀ ਹੀ ਉਹਦਾ ਮੁੱਖ ਸਰੋਕਾਰ ਹੈ। ਇਸ ਰਾਹੀਂ ਉਹ ਆਪਣੇ ਦੁੱਖ ਵੀ ਰੋਂਦਾ ਹੈ-ਮੁਹੱਬਤ ਦੇ ਵੀ, ਮਾਂ ਦੇ ਵੀ ਤੇ ਦੁਨੀਆਂ ਦੇ ਵੀ। ਇਸ ਰਾਹੀਂ ਹੀ ਉਸ ਨੂੰ ਸਕੂਨ ਮਿਲਦਾ ਹੈ। ਅਸਲ ਵਿੱਚ ਉਸ ਦਾ ਮੁੱਖ ਮਨੋਰਥ ਤੇ ਸਰੋਕਾਰ ਅਜਿਹੀ ਕਵਿਤਾ ਲਿਖਣਾ ਹੈ ਜੋ ਸਮਿਆਂ ਦੇ ਸਫ਼ੇ ਤੇ ਅਮਿੱਟ ਹਰਫ਼ ਵਾਂਗ ਸਦਾ ਲਿਸ਼ਕਦੀ ਰਹੇ। ਪ੍ਰਮਾਤਮਾਂ ਉਨ੍ਹਾਂ ਦੀ ਉਮਰ ਲੰਮੀ ਕਰੇ ਤੇ ਉਹ ਇਸੇ ਤਰਾਂ ਇਨਸਾਨੀਅਤ ਦੇ ਦੁੱਖਾਂ-ਸੁੱਖਾਂ ਦੀਆਂ ਬਾਤਾਂ ਪਾਉਂਦੇ ਰਹਿਣ।

**ਹਵਾਲੇ ਤੇ ਟਿੱਪਣੀਆਂ:-**

1 ਸੁਰਜੀਤ ਪਾਤਰ- ਬਿਰਖ ਅਰਜ਼ ਕਰੇ, ਪੰਨਾ 91
2 ਸੁਰਜੀਤ ਪਾਤਰ-ਹਨੇਰੇ ਵਿੱਚ ਸੁਲਗਦੀ ਵਰਣਮਾਲਾ, ਪੰਨਾ 12
3 ਉਹੀ ਪੰਨਾ, 20
4 ਸੁਰਜੀਤ ਪਾਤਰ-ਬਿਰਖ਼ ਅਰਜ ਕਰੇ, ਪੰਨਾ 57
5 ਸੁਰਜੀਤ ਪਾਤਰ- ਹਵਾ ਵਿੱਚ ਲਿਖੇ ਹਰਫ਼, ਪੰਨਾ 15
6 ਉਹੀ, ਪੰਨਾ 19
7 ਸੁਰਜੀਤ ਪਾਤਰ-ਬਿਰਖ਼ ਅਰਜ ਕਰੇ, ਪੰਨਾ 25
8 ਸੁਰਜੀਤ ਪਾਤਰ- ਹਨੇਰੇ ਵਿੱਚ ਸੁਲਗਦੀ ਵਰਣਮਾਲਾ, ਪੰਨਾ 17
9 ਉਹੀ, ਪੰਨਾ 81
10 ਸੁਰਜੀਤ ਪਾਤਰ-ਹਵਾ ਵਿੱਚ ਲਿਖੇ ਹਰਫ਼, ਪੰਨਾ 20
11 ਸੁਰਜੀਤ ਪਾਤਰ-ਬਿਰਖ਼ ਅਰਜ ਕਰੇ, ਪੰਨਾ 91
12 ਸੁਰਜੀਤ ਪਾਤਰ-ਹਵਾ ਵਿੱਚ ਲਿਖੇ ਹਰਫ਼, ਪੰਨਾ 18
13 ਉਹੀ, ਪੰਨਾ 59
14 ਸੁਰਜੀਤ ਪਾਤਰ-ਬਿਰਖ਼ ਅਰਜ਼ ਕਰੇ, ਪੰਨਾ 20
15 ਉਹੀ, ਪੰਨਾ 36
16 ਸੁਰਜੀਤ ਪਾਤਰ-ਬਿਰਖ਼ ਅਰਜ ਕਰੇ, ਪੰਨਾ 36
17 ਸੁਰਜੀਤ ਪਾਤਰ-ਹਨੇਰੇ ਵਿੱਚ ਸੁਲਗਦੀ ਵਰਣਮਾਲਾ, ਪੰਨਾ 9
18 ਸੁਰਜੀਤ ਪਾਤਰ-ਹਵਾ ਵਿੱਚ ਲਿਖੇ ਹਰਫ਼, ਪੰਨਾ 45
19 ਸੁਰਜੀਤ ਪਾਤਰ-ਲਫ਼ਜਾਂ ਦੀ ਦਰਗਾਹ, ਪੰਨਾ 88
20 ਉਹੀ, ਪੰਨਾ 46

Aayushi International Interdisciplinary Research Journal ISSN 2349-638X www.aiirjournal.com